# ਸਰਕਾਰੀ ਕਾਲਜ (ਲੜਕੀਆਂ)
# ਮਾਲੇਰਕੋਟਲਾ

## ਪ੍ਰਾਸਪੈਕਟਸ 2023-24



# GOVT. COLLEGE FOR GIRLS , MALERKOTLA


Telefax : 01675-253016 E-mail : gcgmalerkotla@gmail.com

Website : www.gcgmalerkotla.com



# ਸੰਦੇਸ਼

ਪਿਆਰੇ ਵਿਦਿਆਰਥੀਓ।

ਅਜੌਕੇ ਸਮੇਂ ਦੀ ਜ਼ਰੂਰਤ ਅਤੇ ਇਲਾਕਾ ਨਿਵਾਸੀਆਂ ਦੀ ਬਹੁਤ ਦੇਰ ਤੋਂ ਲੰਬਿਤ ਪਈ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਸੈਸ਼ਨ 2019-20 ਤੋਂ ਲੜਕੀਆਂ ਲਈ ਵੱਖਰਾ ਸਰਕਾਰੀ ਕਾਲਜ ਖੋਲਿਆ ਗਿਆ । ਇਲਾਕੇ ਵਿੱਚ ਇਹ ਇੱਕੋ ਇੱਕ ਸਰਕਾਰੀ ਕਾਲਜ ਹੈ ਜੋ ਲੜਕੀਆਂ ਦੀ ਉਚੇਰੀ ਸਿੱਖਿਆ ਸੰਬੰਧੀ ਲੋੜਾਂ ਨੂੰ ਪੂਰਾ ਕਰਦਾ ਹੈ । ਸਰਕਾਰੀ ਕਾਲਜ (ਲੜਕੀਆਂ) ਮਾਲੇਰਕੋਟਲਾ ਦੀ ਨਵੀਂ ਬਿਲਡਿੰਗ ਜਮਾਲਪੁਰਾ ਵਿਖੇ ਉਸਾਰੀ ਅਧੀਨ ਹੈ ਅਤੇ ਉਮੀਦ ਹੈ ਕਿ ਨਵੇਂ ਵਿਦਿਅਕ ਵਰੇ 2023-24 ਤੋਂ ਸਰਕਾਰੀ ਕਾਲਜ ਲੜਕੀਆਂ ਆਪਣੀ ਨਵੀਂ ਬਿਲਡਿੰਗ ਵਿੱਚ ਕਾਰਜਸ਼ੀਲ ਹੋਵੇਗਾ ।

ਮੈਂ ਆਪਣੇ ਅਤੇ ਆਪਣੇ ਸਟਾਫ਼ ਵੱਲੋਂ ਹਰ ਦਾਖਲਾ ਲੈਣ ਵਾਲੀਆਂ ਵਿਦਿਆਰਥਣਾਂ ਤੋਂ ਆਸ ਕਰਦਾ ਹਾਂ ਕਿ ਅਤਿ ਕਠਿਨ ਮੁਕਾਬਲੇ ਦੇ ਦੌਰ ਵਿੱਚ ਪੂਰੀ ਦ੍ਰਿੜ੍ਹਤਾ ਅਤੇ ਲਗਨ ਨਾਲ ਸਖ਼ਤ ਮਿਹਨਤ ਕਰਦੇ ਹੋਏ ਆਪਣੇ ਨਿਰਧਾਰਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੀ ਕਾਬਲੀਅਤ ਹਾਸਲ ਕਰਨਗੀਆਂ ਅਤੇ ਇਸ ਦੇ ਨਾਲ ਹੀ ਕਾਲਜ ਦੇ ਨਿਯਮਾਂ ਅਤੇ ਕਦਰਾਂ ਕੀਮਤਾਂ ਦੀ ਵੀ ਪਾਲਣਾ ਕੀਤੀ ਜਾਵੇਗੀ। ਹਰ ਇੱਕ ਵਿਦਿਆਰਥਣ ਨੂੰ ਮੇਰੇ ਅਤੇ ਮੇਰੇ ਸਟਾਫ਼ ਵੱਲੋਂ ਜੀ ਆਇਆ ਨੂੰ ਕਿਹਾ ਜਾਂਦਾ ਹੈ।

**ਡਾ. ਬਲਵਿੰਦਰ ਸਿੰਘ ਵੜੈਚ**
ਪ੍ਰਿੰਸੀਪਲ
ਸਰਕਾਰੀ ਕਾਲਜ (ਲੜਕੀਆਂ), ਮਾਲੇਰਕੋਟਲਾ।

# ਅਧਿਆਪਕ ਮੰਡਲ



ਪ੍ਰੋ. ਮੁਹੰਮਦ ਇਰਫਾਨ
ਮਨੋਵਿਗਿਆਨ



ਪ੍ਰੋ. ਮੁਹੰਮਦ ਸ਼ਕੀਲ
ਕਾਮਰਸ



ਪ੍ਰੋ. ਡੇਜ਼ੀ ਜੈਨ
ਹਿੰਦੀ



ਪ੍ਰੋ. ਗੁਰਪ੍ਰੀਤ ਕੌਰ
ਸਰੀਰਕ ਸਿੱਖਿਆ



ਪ੍ਰੋ. ਕਮਲ ਕਿਸ਼ੋਰ
ਹਿਸਟਰੀ



ਪ੍ਰੋ. ਹਰਗੁਰਪ੍ਰਤਾਪ ਸਿੰਘ
ਪੋਲ ਸਾਇੰਸ



ਪ੍ਰੋ. ਗੁਰਜਿੰਦਰ ਸਿੰਘ
ਅੰਗਰੇਜੀ



ਪ੍ਰੋ. ਅਲੋਕ ਸ਼ੁਕਲਾ
ਅਰਥ-ਸ਼ਾਸਤਰ



ਪ੍ਰੋ. ਅਮਨਦੀਪ ਵਾਤਿਸ਼
ਪੰਜਾਬੀ

# ਵਿਸ਼ਾ ਸੂਚੀ


| ਲੜੀ ਨੰ: | ਵਿਸ਼ਾ | ਪੰਨਾ ਨੰ: |
|---|---|---|
| 1. | ਪੜ੍ਹਾਏ ਜਾਣ ਵਾਲੇ ਵਿਸ਼ਿਆਂ/ਜੁੱਟਾਂ ਦਾ ਵੇਰਵਾ ਦਾਖਲੇ ਲਈ ਉਪਲੱਬਧ ਸੀਟਾਂ | 1-2 |
| 2. | ਵਿਦਿਆਰਥੀਆਂ ਲਈ ਜਰੂਰੀ ਨਿਯਮ/ਨਿਰਦੇਸ਼ | 3-4 |
| 3. | ਪੋਸਟ ਮੈਟ੍ਰਿਕ ਵਜ਼ੀਫਾ ਅਪਲਾਈ ਕਰਨ ਬਾਰੇ ਸੂਚਨਾ | 5 |
| 4. | ਫੀਸਾਂ/ਫੰਡਾਂ ਦਾ ਵੇਰਵਾ | 6 |

## 1. ਬੀ.ਏ. ਭਾਗ ਪਹਿਲਾ (B.A.-I) :

ਲਾਜ਼ਮੀ ਵਿਸ਼ੇ : 1. ਪੰਜਾਬੀ 2. ਅੰਗਰੇਜ਼ੀ

ਉਪਰੋਕਤ ਦੋ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਹਰੇਕ ਵਿਦਿਆਰਥੀ ਨੂੰ ਹੇਠ ਲਿਖੇ ਗਰੁੱਪਾਂ ਵਿੱਚੋਂ ਕੋਈ ਤਿੰਨ ਵਿਸ਼ੇ ਹੋਰ ਚੁਣਨੇ ਹੋਣਗੇ। ਹਰ ਇੱਕ ਗਰੁੱਪ ਵਿੱਚੋਂ ਕੇਵਲ ਇੱਕੋ ਹੀ ਵਿਸ਼ਾ ਲਿਆ ਜਾ ਸਕਦਾ ਹੈ :-

| ਗਰੁੱਪ-I | ਗਰੁੱਪ-II | ਗਰੁੱਪ-III | ਗਰੁੱਪ-IV |
|---|---|---|---|
| ਅੰਗਰੇਜ਼ੀ<br>ਪੰਜਾਬੀ<br>ਹਿੰਦੀ<br>(ਇਲੈਕਟਿਵ) | ਅਰਥ ਸ਼ਾਸ਼ਤਰ | ਹਿਸਟਰੀ<br>ਸਾਈਕਾਲੋਜੀ* | ਰਾਜਨੀਤੀ ਸ਼ਾਸ਼ਤਰ<br>ਸਰੀਰਿਕ ਸਿੱਖਿਆ* |

( * ) ਨੋਟ : ਇਹ ਪ੍ਰੈਕਟੀਕਲ ਵਿਸ਼ੇ ਹਨ। ਇੱਕ ਵਿਦਿਆਰਥੀ ਵੱਧ ਤੋਂ ਵੱਧ ਕੇਵਲ ਦੋ ਹੀ ਪ੍ਰੈਕਟੀਕਲ ਵਿਸ਼ੇ ਲੈ ਸਕਦਾ ਹੈ।

ਬੀ.ਏ.-1 ਵਿੱਚ ਦਾਖਲਾ ਲੈਣ ਵਾਲੇ ਉਮੀਦਵਾਰਾਂ ਨੂੰ ਵਿਸ਼ੇਸ਼ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਿਸ਼ੇ ਕੇਵਲ ਉਨ੍ਹਾਂ ਵਿਸ਼ਾ-ਜੁਟਾਂ ਵਿੱਚੋਂ ਹੀ ਚੁਣਨ, ਜਿਨ੍ਹਾਂ ਦੀ ਆਗਿਆ ਦਿੱਤੀ ਗਈ ਹੈ। ਦਾਖਲੇ ਮਗਰੋਂ 21 ਦਿਨਾਂ ਤੱਕ ਹੀ ਚੋਣਵਾਂ ਵਿਸ਼ਾ ਬਦਲਿਆ ਜਾਵੇਗਾ। ਦਾਖਲਾ ਲੈਣ ਸਮੇਂ ਵਿਸ਼ਿਆਂ ਦੀ ਚੋਣ ਪੂਰੇ ਧਿਆਨ ਨਾਲ ਕੀਤੀ ਜਾਵੇ, ਕਿਉਂਕਿ ਬਾਅਦ ਵਿੱਚ ਕਿਸੇ ਖਾਸ ਸੂਰਤ ਵਿੱਚ ਹੀ ਵਿਸ਼ੇ ਦੀ ਤਬਦੀਲੀ ਕਰਨ ਦੀ ਸਹੂਲਤ ਹੋਵੇਗੀ।

1. ਵਾਤਾਵਰਣ ਸਿੱਖਿਆ ਅਤੇ ਡਰੱਗ ਅਡਿਕਸ਼ਨ ਵਿਸ਼ਾ ਲੈਣ ਬਾਰੇ ਲੋੜੀਂਦੀ ਜਾਣਕਾਰੀ ਦਾਖਲੇ ਸਮੇਂ ਦਿੱਤੀ ਜਾਵੇਗੀ। ਬੀ.ਏ.- !!, ਬੀ.ਕਾਮ.- !! ਵਿੱਚ ਲੈਣਾ ਜ਼ਰੂਰੀ ਹੈ।
2. ਸਰੀਰਿਕ ਸਿੱਖਿਆ ਦਾ ਵਿਸ਼ਾ ਟੈਸਟ ਦੇ ਆਧਾਰ ਤੇ ਦਿੱਤਾ ਜਾਵੇਗਾ, ਜਿਨ੍ਹਾਂ ਵਿਦਿਆਰਥੀਆਂ ਨੇ ਖੇਤਰੀ, ਅੰਤਰ-ਖੇਤਰੀ, ਪੰਜਾਬ ਜਾਂ ਨੈਸ਼ਨਲ ਪੱਧਰ ਤੇ ਮੁਕਾਬਲਿਆਂ ਵਿੱਚ ਵਿਸ਼ੇਸ਼ ਪੁਜੀਸ਼ਨ ਹਾਸਿਲ ਕੀਤੀ ਹੋਵੇ ਉਨ੍ਹਾਂ ਨੂੰ ਤਰਜੀਤ ਦਿੱਤੀ ਜਾਵੇਗੀ, ਵਿਸ਼ਾ ਦੇਣ ਲਈ ਵਿਦਿਆਰਥੀਆਂ ਦੀ ਚੋਣ ਪ੍ਰਿੰਸੀਪਲ ਵੱਲੋਂ ਸੰਗਠਿਤ ਕਮੇਟੀ ਹੀ ਕਰੇਗੀ।

**ਬੀ.ਏ.-II ਅਤੇ III ਕਲਾਸਾਂ 'ਚ ਵਿਸ਼ਾ-ਜੁੱਟ ਕਰਮਵਾਰ ਬੀ.ਏ.-I ਭਾਗ ਵਾਲੇ ਹੋਣਗੇ**
**ਅਤੇ ਵਾਤਾਵਰਣ ਸਿੱਖਿਆ ਅਤੇ ਡਰੱਗ ਅਡਿਕਸ਼ਨ ਵਿਸ਼ਾ ਬੀ.ਏ.-II ਵਿੱਚ ਲੈਣਾ ਜ਼ਰੂਰੀ ਹੋਵੇਗਾ।**

**ਸਹਾਇਕ ਰਜਿਸਟਰਾਰ ਕਾਲਜਾਂ ਦੇ ਹੁਕਮ ਨੰ: 4776/4848/ਕਾਲਜ/ਜੀ.ਸੀ.-6 ਮਿਤੀ 17/05/2010 ਦੇ ਅਨੁਸਾਰ**

1. ਜਿਹੜਾ ਵਿਦਿਆਰਥੀ ਬੀ.ਏ. ਭਾਗ ਪਹਿਲਾ ਦੀ ਪ੍ਰੀਖਿਆ ਵਿੱਚ ਰੀ-ਅਪੀਅਰ/ਪਾਸ ਕਰਨ ਉਪਰੰਤ ਬੀ.ਏ. ਭਾਗ ਦੂਜਾ ਵਿੱਚ ਦਾਖਲਾ ਲੈਣ ਵੇਲੇ ਕੋਈ ਇੱਕ ਚੋਣਵਾਂ ਵਿਸ਼ਾ ਬਦਲਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਇੱਕ ਚੋਣਵਾਂ ਵਿਸ਼ਾ ਬਦਲਣ ਦੀ ਆਗਿਆ ਇਸ ਸ਼ਰਤ ਤੇ ਦਿੱਤੀ ਜਾਵੇ ਕਿ ਉਸ ਨੂੰ ਬੀ.ਏ. ਭਾਗ ਪਹਿਲਾ ਦਾ ਡੈਫੀਸ਼ੈਂਟ ਪੇਪਰ ਦੇਣਾ ਪਵੇਗਾ, ਪਰੰਤੂ ਡੈਫੀਸ਼ੈਂਟ ਵਾਲਾ ਪੇਪਰ ਪ੍ਰੈਕਟੀਕਲ ਵਿਸ਼ੇ ਵਾਲਾ ਨਹੀਂ ਹੋਵੇਗਾ।
2. ਇੱਕ ਚੋਣਵਾਂ ਵਿਸ਼ਾ ਬਦਲਣ ਦੀ ਵਿਵਸਥਾ ਸਿਰਫ ਬੀ.ਏ. ਭਾਗ ਦੂਜਾ ਤੱਕ ਹੀ ਸੀਮਤ ਹੋਵੇਗੀ, ਭਾਵ ਬੀ.ਏ. ਭਾਗ ਤੀਜਾ ਵਿੱਚ ਪੜ੍ਹ ਰਿਹਾ ਵਿਦਿਆਰਥੀ ਚੋਣਵਾਂ ਵਿਸ਼ਾ ਨਹੀਂ ਬਦਲ ਸਕਦਾ ਹੈ।
3. ਇੱਕ ਚੋਣਵਾਂ ਵਿਸ਼ਾ ਬਦਲਣ ਦੀ ਵਿਵਸਥਾ ਬੀ.ਏ. ਭਾਗ ਦੂਜਾ ਵਿੱਚ ਬਿਨ੍ਹਾਂ, ਲੇਟ ਫੀਸ ਦਾਖਲੇ ਲਈ ਫਾਰਮ ਭਰਨ ਦੀ ਆਖਰੀ ਮਿਤੀ ਤੋਂ ਡੇਢ ਮਹੀਨੇ ਦੇ ਅੰਦਰ-ਅੰਦਰ ਤੱਕ ਹੀ ਹੋਵੇਗੀ।

## ਦਾਖ਼ਲੇ ਲਈ ਉਪਲੱਬਧ ਸੀਟਾਂ

| ਕਲਾਸਾਂ | ਕੁੱਲ ਸੀਟਾਂ |
|---|---|
| ਬੀ.ਏ.-I | 80 |
| ਬੀ.ਏ.-II | 80 |
| ਬੀ.ਏ.-III | 80 |
| ਬੀ.ਕਾਮ.-I | 60 |
| ਬੀ.ਕਾਮ.-II | 60 |
| ਬੀ.ਕਾਮ.-III | 60 |

3. **ਬੀ.ਕਾਮ ਭਾਗ ਪਹਿਲਾ (B.Com-1) Semester-I** **Marks**

| | | | | |
|---|---|---|---|---|
| ਵਿਸ਼ੇ : | BC-101 | : | Punjabi Compulsory | 50 |
| | BC-101-A | : | Communication Skill in Punjabi (Special Paper in Lieu of Punjabi) | 50 |
| | BC-102 | : | English (Communication Skills) | 50 |
| | BC-103 | : | Financial Accounting-1 | 100 |
| | BC-104 | : | Business Law-1 | 100 |
| | BC-105 | : | Principles of Economics-1 | 100 |
| | BC-106 | : | Computer Applications in Business | 100 |

**ਬੀ.ਕਾਮ ਭਾਗ ਪਹਿਲਾ (B.Com-1) Semester-II** **Marks**

| | | | | |
|---|---|---|---|---|
| ਵਿਸ਼ੇ : | BC-201 | : | Punjabi | 50 |
| | BC-201-A | : | Communication Skill in Punjabi (Special Paper in lieu of Punjabi) | 50 |
| | BC-202 | : | English (Communication Skills) | 50 |
| | BC-203 | : | eAccounting | 100 |
| | BC-204 | : | Busiess Laws-II | 100 |
| | BC-205 | : | Principles of Economics-II | 100 |
| | BC-206 | : | Business Statistics | 100 |

**ਬੀ.ਕਾਮ ਭਾਗ ਦੂਜਾ (B.Com-II) Scheme of Examination, Semester-III & IV**

| | | | | |
|---|---|---|---|---|
| ਵਿਸ਼ੇ : | BC-201 | : | Punjabi | 100 |
| | BC-201-A | : | Communication Skill in Punjabi (Special Paper in lieu of Punjabi) | 50 |
| | BC-202 | : | English (Communication Skills) | 50 |
| | BC-203 | : | Principles of Business Management | 100 |
| | BC-204 | : | Corporate Accounting | 100 |
| | BC-205 | : | Company Law and Auditing | 100 |
| | BC-206 | : | Income Tax Law | 100 |
| | BC-207 | : | Business Environment<br>Environment Studies | 100 |

**ਬੀ.ਕਾਮ ਭਾਗ ਤੀਜਾ (B.Com-III) Semester-V** **Marks**

Semester Wise Papers

| | | | | |
|---|---|---|---|---|
| ਵਿਸ਼ੇ : | BC-501 | : | Punjabi Compulsory | 50 |
| | BC-501-A | : | Punjab History and Culture | 50 |
| | BC-502 | : | Management Accounting-I | 100 |
| | BC-503 | : | Cost Accounting-I | 100 |
| | BC-504 | : | Financial Management-I | 100 |
| | BC-505 | : | Indirect Taxes-I | 100 |
| | BC-506 | : | Fundamentals of Enterpreneurship | 100 |

**Any one paper of the following four streams (I to IV)**

| | | | |
|---|---|---|---|
| Stream-I | : | Finance-Money and Financial Institutions | 100 |
| Stream-II | : | Marketing & Principles of Marketing | 100 |
| Stream-III | : | Banking & Insurance-Indian Banking System. | 100 |
| Stream-IV | : | E-Commerce-Essentials of E-Commerce | 100 |

**ਬੀ.ਕਾਮ ਭਾਗ ਤੀਜਾ (B.Com-III) Semester-VI** **Marks**

Semester Wise Papers

| | | | | |
|---|---|---|---|---|
| ਵਿਸ਼ੇ : | BC-601 | : | Punjabi Compulsory | 50 |
| | BC-601-A | : | Punjab History and Culture | 50 |
| | BC-602 | : | Management Accounting-II | 100 |
| | BC-603 | : | Cost Accounting-II | 100 |
| | BC-604 | : | Financial Management-II | 100 |
| | BC-605 | : | Indirect Taxes-II | 100 |
| | BC-606 | : | Governance, Ethics and Social Responsibility of Business. | 100 |

**One paper from the same stream. Which was spted by the candidate in Semester-V**

| | | | |
|---|---|---|---|
| Stream-I | : | Finance-Financial Market Operations | 100 |
| Stream-II | : | Marketing-International Marketing | 100 |
| Stream-III | : | Banking & Insurance-Fundamental of Insur. | 100 |
| Stream-IV | : | E-Commerce-Internet & World Wide Web. | 100 |

## ਵਿਦਿਆਰਥੀਆਂ ਲਈ ਜ਼ਰੂਰੀ ਨਿਯਮ/ਨਿਰਦੇਸ਼

1. **ਫੀਸ ਮੁਆਫੀ :** ਮਹਿਕਮੇ ਦੇ ਨਿਯਮਾਂ ਅਨੁਸਾਰ ਗਰੀਬੀ ਦੇ ਆਧਾਰ ਤੇ 10 ਪ੍ਰਤੀਸ਼ਤ ਵਿਦਿਆਰਥੀਆਂ ਦੀ ਅੱਧੀ ਅਤੇ 10 ਪ੍ਰਤੀਸ਼ਤ ਵਿਦਿਆਰਥੀਆਂ ਦੀ ਪੂਰੀ ਫੀਸ ਮੁਆਫ ਕੀਤੀ ਜਾਂਦੀ ਹੈ। ਅਰਜ਼ੀ; ਨਿਸ਼ਚਿਤ ਫਾਰਮ ਉਤੇ, ਜੋ ਕਾਲਜ ਫੀਸ ਕਲਰਕ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਦੇਣੀ ਚਾਹੀਦੀ ਹੈ। ਫਾਰਮ ਉੱਪਰ ਪਿਤਾ/ਸਰਪ੍ਰਸਤ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਫੀਸ ਮੁਆਫੀ ਦੀ ਰਿਆਇਤ ਉਸੇ ਹਾਲਤ ਵਿੱਚ ਮਿਲ ਸਕਦੀ ਹੈ ਜਾਂ ਕਾਇਮ ਰਹਿ ਸਕਦੀ ਹੈ, ਜੇਕਰ ਵਿਦਿਆਰਥੀ ਅਤੇ ਪਰਿਵਾਰ ਦੀ ਆਮਦਨ ਥੋੜ੍ਹੀ ਹੋਵੇ, ਵਿਦਿਆਰਥੀ ਦੀ ਕਲਾਸਾਂ ਵਿੱਚ ਹਾਜ਼ਰੀ ਬਕਾਇਦਾ ਹੋਵੇ, ਪੜ੍ਹਾਈ ਵਿੱਚ ਪ੍ਰਗਤੀ ਸੰਤੋਖਜਨਕ ਅਤੇ ਸਮੁੱਚੇ ਤੌਰ ਤੇ ਕਾਲਜ ਵਿੱਚ ਉਸਦਾ ਆਚਾਰ-ਵਿਹਾਰ ਚੰਗਾ ਹੋਵੇ। ਘਰੇਲੂ ਇਮਤਿਹਾਨ ਵਿੱਚ ਘੱਟ ਨੰਬਰ ਲੈਣ ਵਾਲੇ ਜਾਂ ਫੇਲ੍ਹ ਵਿਦਿਆਰਥੀ ਤੋਂ ਇਹ ਰਿਆਇਤ ਵਾਪਸ ਲਈ ਜਾ ਸਕਦੀ ਹੈ। ਜੇਕਰ ਕਿਸੇ ਵਿਦਿਆਰਥੀ ਦਾ ਵੱਡਾ ਭੈਣ/ਭਰਾ ਇਸ ਕਾਲਜ ਵਿੱਚ ਪੜ੍ਹਦਾ ਹੋਵੇ ਤਾਂ ਛੋਟੇ ਭੈਣ/ਭਰਾ ਦੀ ਅੱਧੀ ਟਿਊਸ਼ਨ ਫੀਸ ਮੁਆਫ ਹੋ ਸਕਦੀ ਹੈ।

2. **ਵਿਸ਼ਾ/ਫੈਕਲਟੀ ਬਦਲਣਾ :** ਵਿਸ਼ਿਆਂ ਦੀ ਤਬਦੀਲੀ ਦਾਖਲੇ ਉਪਰੰਤ 21 ਦਿਨਾਂ ਦੇ ਅੰਦਰ-ਅੰਦਰ ਹੀ ਕੀਤੀ ਜਾਵੇਗੀ। ਇਸ ਮੰਤਵ ਲਈ ਅਰਜ਼ੀ ਨਿਸ਼ਚਿਤ ਫਾਰਮ ਅਤੇ ਸੰਬੰਧਿਤ ਵਿਭਾਗ ਦੇ ਮੁੱਖੀ ਤੋਂ ਸਿਫਾਰਸ਼ ਕਰਵਾਉਣ ਉਪਰੰਤ ਰਜਿਸਟਰਾਰ ਘਰੇਲੂ ਪ੍ਰੀਖਿਆਵਾਂ ਦੇ ਦਫਤਰ ਵਿੱਚ ਦੇਣੀ ਹੋਵੇਗੀ ਅਤੇ ਇਹ ਤਬਦੀਲੀ ਰਜਿਸਟਰਾਰ ਦੀ ਪ੍ਰਵਾਨਗੀ ਉਪਰੰਤ ਹੀ ਲਾਗੂ ਹੋਵੇਗੀ। ਵਿਸ਼ੇ/ਫੈਕਲਟੀ ਬਦਲਣ ਵਾਲੇ ਵਿਦਿਆਰਥੀ ਪ੍ਰਿੰਸੀਪਲ ਸਾਹਿਬ ਵੱਲੋਂ ਨੋਟਿਸ ਲਗਾਏ ਜਾਣ ਤੋਂ ਬਾਅਦ ਹੀ ਨਵੇਂ/ਦੂਸਰੇ ਵਿਸ਼ਿਆਂ ਦੀਆਂ ਕਲਾਸਾਂ ਲਗਾਉਣਗੇ। ਇਸ ਮਿਤੀ ਤੋਂ ਪਹਿਲਾਂ ਜਾਂ ਸੰਬੰਧਿਤ ਅਧਿਆਪਕ ਦੀ ਸਿਫਾਰਸ਼ ਕਰਵਾਉਣ ਤੋਂ ਬਿਨ੍ਹਾਂ ਹੀ ਨਵੇਂ ਵਿਸ਼ਿਆਂ ਦੀਆਂ ਕਲਾਸਾਂ ਆਪਣੇ ਆਪ ਲਾਉਣ ਨਾਲ ਵਿਦਿਆਰਥੀ ਦੀਆਂ ਹਾਜ਼ਰੀਆਂ ਘੱਟ ਸਕਦੀਆਂ ਹਨ ਅਤੇ ਇਸ ਤਰ੍ਹਾਂ ਪੈਦਾ ਹੋਣ ਵਾਲੀ ਸਥਿਤੀ ਲਈ ਉਹ ਆਪ ਜਿੰਮੇਵਾਰ ਹੋਣਗੇ।

3. **ਕਾਲਜ ਛੱਡਣਾ ਜਾਂ ਨਾਂ ਕਟਵਾਉਣਾ :** ਜੇ ਵਿਦਿਆਰਥੀ ਕਾਲਜ ਛੱਡਣਾ ਚਾਹੁੰਣ ਤਾਂ ਉਨ੍ਹਾਂ ਨੂੰ ਆਪਣੀ ਹੱਥ ਲਿਖਤ ਵਿੱਚ ਬਿਨੈ ਪੱਤਰ ਦੇਣਾ ਹੋਵੇਗਾ। ਅਜਿਹੇ ਬਿਨੈ ਪੱਤਰਾਂ ਉਤੇ ਮਾਪਿਆਂ/ਸਰਪ੍ਰਸਤਾਂ ਦੀ ਆਗਿਆ ਜ਼ਰੂਰੀ ਹੋਵੇਗੀ, ਜਦੋਂ ਤੱਕ ਬਿਨੈ ਪੱਤਰ ਦੇ ਕੇ ਨਾਂ ਨਹੀਂ ਕਟਵਾਇਆ ਜਾਂਦਾ ਉਦੋਂ ਤੱਕ ਬਣਦੀਆਂ ਸਾਰੀਆਂ ਫੀਸਾਂ, ਫੰਡ ਅਤੇ ਜੁਰਮਾਨੇ ਲਏ ਜਾਣਗੇ।

4. **ਛੁੱਟੀ ਦੇ ਨਿਯਮ :** (1) ਕਾਲਜ ਤੋਂ 6 ਦਿਨ ਤੱਕ ਦੀ ਛੁੱਟੀ ਦੀ ਅਰਜੀ ਸੰਬੰਧਿਤ ਟਿਊਟਰ ਦੀ ਸਿਫਾਰਸ਼ ਸਹਿਤ ਕਾਲਜ ਦਫਤਰ ਵਿੱਚ ਦਿੱਤੀ ਜਾਵੇ।

(2) ਪੰਦਰਾਂ ਦਿਨਾਂ ਤੱਕ ਸੀਨੀਅਰ ਟਿਊਟਰ ਅਤੇ ਇਸ ਤੋਂ ਵੱਧ ਪ੍ਰਿੰਸੀਪਲ ਮਨਜ਼ੂਰ ਕਰੇਗਾ। ਟਿਊਟਰ ਰਾਹੀਂ ਅਰਜ਼ੀ ਸੀਨੀਅਰ ਟਿਊਟਰ ਨੂੰ ਪੇਸ਼ ਕੀਤੀ ਜਾਵੇ।

(3) ਛੁੱਟੀ ਲੈਣ ਦਾ ਮਤਲਬ ਕੇਵਲ ਇਨ੍ਹਾਂ ਹੀ ਹੈ ਕਿ ਉਸ ਨੂੰ ਗੈਰ ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸੰਬੰਧ ਲੈਕਚਰਾਂ ਵਿੱਚ ਲੋੜੀਂਦੀ ਘੱਟੋ ਘੱਟ ਹਾਜ਼ਰੀ ਨਾਲ ਨਹੀਂ ਹੈ।

(4) ਕਾਲਜ ਨਾਲ ਸੰਬੰਧਿਤ ਸਰਗਰਮੀ (Activity) ਵਿੱਚ ਭਾਗ ਲੈਣ ਵਾਸਤੇ ਭੇਜੇ ਗਏ ਵਿਦਿਆਰਥੀ ਉਸ ਸਰਗਰਮੀ/ਖੇਡਾਂ ਦੇ ਇੰਚਾਰਜ ਪ੍ਰੋਫੈਸਰ ਦੀ ਸਿਫਾਰਸ਼ ਕਰਵਾਕੇ ਆਪਣੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰਵਾਉਣ ਲਈ ਦਫਤਰ ਵਿੱਚ ਦੇਣ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਛੁੱਟੀ ਦੇ ਬਿਨੈਪੱਤਰ ਦਾ ਬਾਕੀ ਹਿੱਸਾ (Counterfoil) ਆਪਣੇ ਪਾਸ ਰੱਖਣ। ਇਸ ਫਾਰਮ ਤੋਂ ਬਿਨ੍ਹਾਂ ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਹਾਜ਼ਰੀਆਂ ਦੀ ਸਹੂਲੀਅਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਿਤ (Authorised) ਵਿਦਿਆਰਥੀਆਂ ਨੂੰ ਹੀ ਦਿੱਤੀ ਜਾਵੇਗੀ।

(5) ਬਿਮਾਰੀ ਕਾਰਨ ਇੱਕ ਹਫਤੇ ਤੋਂ ਵੱਧ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਲਈ ਛੁੱਟੀ ਦੀ ਅਰਜ਼ੀ ਨਾਲ ਐਮ.ਬੀ.ਬੀ.ਐਸ. ਜਾਂ ਐਮ.ਡੀ. ਡਾਕਟਰ ਵੱਲੋਂ ਜਾਰੀ ਮੈਡੀਕਲ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ।

5. **ਕਾਲਜ ਤੋਂ ਗੈਰ-ਹਾਜ਼ਰੀ :** ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨ੍ਹਾਂ ਕਿਸੇ ਵੀ ਵਿਸ਼ੇ ਵਿੱਚ ਲਗਾਤਾਰ 10 ਦਿਨ ਜਾਂ ਲਗਾਤਾਰ 3 ਟਿਊਟੋਰੀਅਲ ਗਰੁੱਪਾਂ ਵਿੱਚ ਗੈਰ ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਦਾਖਲੇ ਦੀ ਫੀਸ ਦੇਕੇ 15 ਦਿਨਾਂ ਦੇ ਅੰਦਰ-ਅੰਦਰ ਦੁਬਾਰਾ ਦਾਖਲ ਹੋ ਸਕਦੇ ਹਨ। ਦੁਬਾਰਾ ਦਾਖਲ ਹੋਣ ਦਾ ਕੇਵਲ ਇੱਕੋ ਹੀ ਮੌਕਾ ਦਿੱਤਾ ਜਾਵੇਗਾ। ਪ੍ਰੰਤੂ ਅਜਿਹੇ ਵਿਦਿਆਰਥੀ ਨੂੰ ਉਸ ਸਮੇਂ ਜਿਸ ਦੌਰਾਨ ਉਸ ਦਾ ਨਾਮ ਕੱਟਿਆ ਹੋਇਆ ਸੀ, ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ।

6. **ਘਰੇਲੂ ਪ੍ਰੀਖਿਆ :** ਮਹੀਨਾਵਾਰ ਟੈਸਟ ਹਰ ਵਿਦਿਆਰਥੀ ਲਈ ਦੇਣੇ ਜ਼ਰੂਰੀ ਹਨ, ਜਿਸ ਵਿੱਚ ਹਰ ਵਿਦਿਆਰਥੀ ਨੇ ਨਿਸ਼ਚਿਤ ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਹੁੰਦੇ ਹਨ। ਇਹ ਮਹੀਨਾਵਾਰ ਟੈਸਟ ਆਮ ਤੌਰ ਤੇ ਸਤੰਬਰ/ਨਵੰਬਰ/ਫਰਵਰੀ/ਮਾਰਚ ਦੇ ਪਹਿਲੇ ਹਫਤੇ ਕਰਵਾਏ ਜਾਂਦੇ ਹਨ। ਜਿਹੜੇ ਵਿਦਿਆਰਥੀ ਕਿਸੇ ਬਿਮਾਰੀ ਜਾਂ ਹੋਰ ਬੇਰੋਕ ਕਾਰਨਾਂ ਕਰਕੇ ਪ੍ਰੀਖਿਆ ਨਾ ਦੇ ਸਕਣ ਜਾਂ ਉਹ ਵਿਦਿਆਰਥੀ ਜੋ ਨਿਰਧਾਰਿਤ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ, ਉਨ੍ਹਾਂ ਲਈ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਵਿਸ਼ੇਸ਼ ਪ੍ਰੀਖਿਆ (ਸਪੈਸ਼ਲ ਟੈਸਟ) ਵੀ ਕਰਵਾਈ ਜਾ ਸਕਦੀ ਹੈ।

**ਨੋਟ :** ਮਹੀਨਾਵਾਰ ਟੈਸਟ ਦੌਰਾਨ ਬਿਮਾਰੀ ਦੀ ਛੁੱਟੀ ਦੀ ਅਰਜ਼ੀ ਤਾਂ ਹੀ ਮਨਜ਼ੂਰ ਹੋ ਸਕਦੀ ਹੈ, ਜੇਕਰ ਉਸ ਨਾਲ ਕਿਸੇ ਪ੍ਰਮਾਣਿਤ ਐਮ.ਬੀ.ਬੀ.ਐਸ./ ਐਮ.ਡੀ. ਡਾਕਟਰ ਦਾ ਮੈਡੀਕਲ ਸਰਟੀਫਿਕੇਟ ਹੋਵੇ। ਅਜਿਹੀ ਅਰਜ਼ੀ ਬਿਮਾਰੀ ਦੇ ਸਮੇਂ ਦੌਰਾਨ ਹੀ ਭੇਜਣੀ ਜ਼ਰੂਰੀ ਹੋਵੇਗੀ। ਪ੍ਰੀਖਿਆ ਲੰਘਣ ਤੋਂ ਬਾਅਦ ਵਿੱਚ ਕੋਈ ਮੈਡੀਕਲ ਸਰਟੀਫਿਕੇਟ ਪ੍ਰਵਾਨ ਨਹੀਂ ਕੀਤਾ ਜਾਵੇਗਾ। ਇਸ ਛੁੱਟੀ ਨਾਲ ਕੇਵਲ ਜੁਰਮਾਨੇ ਤੋਂ ਛੋਟ ਮਿਲ ਸਕਦੀ ਹੈ। ਇਹ ਅਰਜ਼ੀ ਮੈਡੀਕਲ ਸਰਟੀਫਿਕੇਟ ਸਮੇਤ ਪ੍ਰੀਖਿਆ ਦੇ ਦੌਰਾਨ ਰਜਿਸਟਰਾਰ ਪਾਸ ਪਹੁੰਚ ਜਾਣੀ ਜ਼ਰੂਰੀ ਹੈ।

7. **ਹਾਜ਼ਰੀਆਂ :** ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਬੈਠਨ ਦੇ ਯੋਗ ਹੋਣ ਲਈ, ਵਿਦਿਆਰਥੀਆਂ ਲਈ ਹਰੇਕ ਵਿਸ਼ੇ (ਲਿਖਤੀ ਅਤੇ ਪ੍ਰੈਕਟੀਕਲਾਂ ਵਿੱਚ ਵੱਖ-ਵੱਖ) ਵਿੱਚੋਂ ਘੱਟੋ-ਘੱਟ 75% ਹਾਜ਼ਰੀਆਂ ਲੈਣੀਆਂ ਜ਼ਰੂਰੀਆਂ ਹਨ। ਅਜਿਹਾ ਨਾ ਹੋਣ ਲਈ ਤੇ ਵਿਦਿਆਰਥੀਆਂ ਨੂੰ ਡੀਟੇਨ ਕੀਤਾ ਜਾਵੇਗਾ।

ੳ) ਕਾਲਜ ਦੇ ਘਰੇਲੂ ਇਮਤਿਹਾਨਾਂ/ਹਾਜ਼ਰੀਆਂ ਸੰਬੰਧੀ ਜਾਣਕਾਰੀ ਹਾਸਲ ਕਰਨੀ ਮਾਪਿਆਂ/ਸਰਪ੍ਰਸਤ ਦੀ ਆਪਣੀ ਜਿੰਮੇਵਾਰੀ ਹੈ। ਕਾਲਜ ਵਲੋਂ ਡਾਕ ਰਾਹੀਂ ਕੋਈ ਅਜਿਹੀ ਸੂਚਨਾ ਨਹੀਂ ਭੇਜੀ ਜਾਂਦੀ।

ਅ) ਜੇ ਕੋਈ ਵਿਦਿਆਰਥੀ ਵਿਸ਼ਾ ਬਦਲਦਾ ਹੈ ਤਾਂ ਉਸ ਨੂੰ ਛੱਡ ਗਏ ਵਿਸ਼ੇ ਦੀਆਂ ਹਾਜ਼ਰੀਆਂ ਦਾ ਲਾਭ ਨਹੀਂ ਮਿਲੇਗਾ।

ੲ) ਜੇ ਕੋਈ ਵਿਦਿਆਰਥੀ ਨਤੀਜਾ ਲੇਟ ਨਿਕਲਣ ਕਾਰਨ ਕਾਲਜ ਵਿੱਚ ਲੇਟ ਦਾਖਲ ਹੁੰਦਾ ਹੈ ਤਾਂ ਉਸ ਦੀਆਂ ਹਾਜ਼ਰੀਆਂ ਦੀ ਗਿਣਤੀ ਕਾਲਜ ਵਿੱਚ ਉਸਦੇ ਦਾਖਲੇ ਦੀ ਮਿਤੀ ਤੋਂ ਕੀਤੀ ਜਾਵੇਗੀ।

ਸ) ਕਿਸੇ ਵੀ ਕਿਸਮ ਦੀ ਮਨਜ਼ੂਰ ਹੋਈ ਕੋਈ ਛੁੱਟੀ (ਜ਼ਰੂਰੀ ਕੰਮ ਜਾਂ ਬਿਮਾਰੀ) ਹਾਜ਼ਰੀਆਂ ਦੀ ਘਾਟ ਨੂੰ ਪੂਰਾ ਨਹੀਂ ਕਰਦੀ, ਇਸ ਨਾਲ ਕੇਵਲ ਜੁਰਮਾਨੇ ਤੋਂ ਹੀ ਛੋਟ ਮਿਲਦੀ ਹੈ।

8. **ਲਾਇਬ੍ਰੇਰੀ/ਸ਼ਨਾਖਤੀ ਕਾਰਡ :** ਸ਼ਨਾਖਤੀ ਕਾਰਡ ਬਣਾਉਣ ਸਮੇਂ ਫੋਟੋ ਨਾਲ ਲਿਆਂਦੀ ਜਾਵੇ। ਕਾਲਜ ਵਿੱਚ ਦਾਖ਼ਲਾ ਹੋਣ ਉਪਰੰਤ ਹੀ ਵਿਦਿਆਰਥੀ ਲਾਇਬ੍ਰੇਰੀਅਨ ਪਾਸੋਂ ਸ਼ਨਾਖਤੀ ਕਾਰਡ ਪ੍ਰਾਪਤ ਕਰੇਗਾ ਅਤੇ ਇਸ ਕਾਰਡ ਤੇ ਟਿਊਟਰ ਤੇ ਸੀਨੀਅਰ ਟਿਊਟਰ ਦੇ ਹਸਤਾਖਰ ਕਰਵਾਏਗਾ। ਹਰ ਵਿਦਿਆਰਥੀ ਹਰ ਸਮੇਂ ਇਸ ਕਾਰਡ ਨੂੰ ਆਪਣੇ ਕੋਲ ਰੱਖੇਗਾ ਅਤੇ ਕਾਲਜ ਦੇ ਕਿਸੇ ਵੀ ਅਧਿਕਾਰੀ ਦੀ ਮੰਗ ਤੇ ਉਸ ਨੂੰ ਕਾਰਡ ਦਿਖਾਉਣਾ ਪਵੇਗਾ। ਜਿਸ ਵੀ ਵਿਦਿਆਰਥੀ ਪਾਸ ਕਾਰਡ ਨਹੀਂ ਹੋਵੇਗਾ, ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। **ਸ਼ਨਾਖਤੀ ਕਾਰਡ ਗੁੰਮ ਹੋ ਜਾਣ ਦੀ ਸੂਰਤ ਵਿੱਚ ਵਿਦਿਆਰਥੀ ਲਈ ਹਲਫੀਆ ਬਿਆਨ ਅਤੇ ਪੁਲਿਸ ਰਿਪੋਰਟ ਲਿਖਵਾਉਣਾ ਜ਼ਰੂਰੀ ਹੈ।** ਇਸ ਦੇ ਲਈ ਨਿਯਮਾਂ ਅਨੁਸਾਰ ਬਣਦੀ ਫੀਸ 50/- ਰੁ: ਵੀ ਜਮ੍ਹਾਂ ਕਰਵਾਉਣੀ ਪਵੇਗੀ। ਸ਼ਨਾਖਤੀ ਕਾਰਡ ਨੂੰ ਕਿਸੇ ਵੀ ਰੂਪ ਵਿੱਚ ਬਦਲਣ/ਵਿਗਾੜਨ ਜਾਂ ਦੁਰ-ਵਰਤੋਂ ਕਾਰਨ ਵਿਦਿਆਰਥੀ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। **ਡੁਪਲੀਕੇਟ ਸ਼ਨਾਖਤੀ ਕਾਰਡ ਇੱਕ ਕਲਾਸ ਵਿੱਚ ਸਿਰਫ ਇੱਕ ਵਾਰ ਹੀ ਬਣੇਗਾ।** ਇਸ ਲਈ ਸ਼ਨਾਖਤੀ ਕਾਰਡ ਪੂਰੀ ਹਿਫਾਜ਼ਤ ਨਾਲ ਰੱਖਿਆ ਜਾਵੇ।

9. **ਟਿਊਟੋਰੀਅਲ ਗਰੁੱਪ :** ਵਿਦਿਆਰਥੀ ਦੇ ਬਹੁਪੱਖੀ ਵਿਕਾਸ ਅਤੇ ਵਿਦਿਆਰਥੀ ਅਧਿਆਪਕਾਂ ਦੇ ਉਚਿਤ ਤਾਲਮੇਲ ਦੇ ਮੰਤਵ ਲਈ ਹਰ ਵਿਦਿਆਰਥੀ ਨੂੰ ਇੱਕ ਵਿਸ਼ੇਸ਼ ਅਧਿਕਾਰੀ ਗਰੁੱਪ (ਟਿਊਟੋਰੀਅਲ ਗਰੁੱਪ) ਨੰਬਰ ਅਲਾਟ ਕੀਤਾ ਜਾਂਦਾ ਹੈ। ਅਧਿਆਪਕ (ਟਿਊਟਰ) ਆਪਣੇ ਗਰੁੱਪ ਅਧੀਨ ਆਉਂਦੇ ਵਿਦਿਆਰਥੀ ਦੀ ਪੜ੍ਹਾਈ, ਵਿਹਾਰ ਅਤੇ ਆਚਰਣ ਦਾ ਨਿਗਰਾਨ ਹੈ। ਕਿਸੇ ਵੀ ਔਕੜ ਜਾਂ ਛੁੱਟੀ ਆਦਿ ਦੀ ਮਨਜ਼ੂਰੀ ਲਈ ਵਿਦਿਆਰਥੀ ਨੂੰ ਆਪਣੇ ਟਿਊਟਰ ਦੀ ਸਹਾਇਤਾ, ਅਗਵਾਈ ਅਤੇ ਸਲਾਹ ਦਾ ਲਾਭ ਉਠਾਉਣਾ ਚਾਹੀਦਾ ਹੈ। ਆਪਣੇ ਟਿਊਟਰ ਤੋਂ ਇਲਾਵਾ ਵਿਦਿਆਰਥੀ ਸੀਨੀਅਰ ਟਿਊਟਰ ਤੋਂ ਵੀ ਅਗਵਾਈ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਟਿਊਟੋਰੀਅਲ ਗਰੁੱਪ ਨਾ ਲਾਉਣ ਵਾਲੇ ਨੂੰ ਵਿਸ਼ੇਸ਼ ਜੁਰਮਾਨਾ ਦੇਣਾ ਪਵੇਗਾ। ਟਿਊਟੋਰੀਅਲ ਗਰੁੱਪ ਬਣਾਉਣ ਦੀ ਵਿਧੀ: ਟਿਊਟੋਰੀਅਲ ਵਿਦਿਆਰਥੀ ਆਪਣੇ ਰੋਲ ਨੰਬਰ ਨੂੰ 50 ਤੇ ਵੰਡਣ ਉਪਰੰਤ ਜੋ ਬਾਕੀ ਬਚਦਾ ਹੈ ਉਹ ਉਸ ਦਾ ਟਿਊਟੋਰੀਅਲ ਗਰੁੱਪ ਹੋਵੇਗਾ।

## ਵਿਸ਼ਾ : ਪੋਸਟ ਮੈਟ੍ਰਿਕ ਸਕਾਲਰਸ਼ਿਪ ਐਸ.ਸੀ./ਓ.ਬੀ.ਸੀ. ਸਕੀਮ ਅਧੀਨ ਵਿਦਿਆਰਥੀਆਂ ਲਈ ਵਜ਼ੀਫਾ ਅਪਲਾਈ ਕਰਨ ਲਈ ਗਾਈਡਲਾਈਨਜ਼ 2022-23

| ਕੋਰਸ ਦਾ ਵੇਰਵਾ | ਵਿਦਿਆਰਥੀਆਂ ਵੱਲੋਂ ਸਕਾਲਰਸ਼ਿਪ ਦੇ ਫਾਰਮ ਭਰਨ ਦੀ ਮਿਤੀ | ਸੰਸਥਾ ਅਤੇ ਕਾਲਜ ਵੱਲੋਂ ਡੀ.ਪੀ.ਆਈ. (ਕਾ) ਨੂੰ ਵਜ਼ੀਫਾ ਫਾਰਮ ਭੇਜਣ ਦੀ ਆਖਰੀ ਮਿਤੀ | ਡੀ.ਪੀ.ਆਈ. (ਕਾ) ਵੱਲੋਂ ਭਲਾਈ ਵਿਭਾਗ ਨੂੰ ਮੰਗ ਭੇਜਣ ਦੀ ਆਖਰੀ ਮਿਤੀ |
|---|---|---|---|
| ਬੀ.ਏ./ਬੀ.ਐਸਸੀ./ਬੀ.ਕਾਮ ਭਾਗ–1 ਤੋਂ ਉਪਰ ਦੇ ਸਾਰੇ ਕੋਰਸ (ਨਵਾਂ ਦਾਖਲਾ) | 31 ਅਗਸਤ | 15 ਸਤੰਬਰ | 15 ਅਕਤੂਬਰ |
| ਰਿਨਿਊਲ ਕੇਸ ਵਾਸਤੇ | 31 ਜੁਲਾਈ | 16 ਅਗਸਤ | 15 ਸਤੰਬਰ |

ਵਿਦਿਆਰਥੀ 2022–23 ਵਾਸਤੇ ਵਜ਼ੀਫਾ ਫਾਰਮ ਆਪਣੇ ਪੱਧਰ ਤੇ ਆਨਲਾਈਨ ਅਪਲਾਈ ਕਰਨਗੇ, ਜਿਸ ਦਾ ਵੈਬਸਾਈਟ ਸਾਫਟਵੇਅਰ ਵਿਭਾਗ ਵੱਲੋਂ ਤਿਆਰ ਕੀਤਾ ਗਿਆ ਵਿਦਿਆਰਥੀ ਤਾਰੀਖ ਬਾਰੇ ਵੈਬਸਾਈਟ punjabscholarships.gov.in ਜਾਂ ਕਾਲਜ ਦੇ ਨੋਟਿਸ ਬੋਰਡ ਤੋਂ ਪ੍ਰਾਪਤ ਕਰਨ।

ਵਜ਼ੀਫਾ ਫਾਰਮ ਆਨਲਾਈਨ ਅਪਲਾਈ ਕਰਨ ਤੋਂ ਬਾਅਦ ਵਿਦਿਆਰਥੀ ਅਪਲਾਈ ਕੀਤੇ ਫਾਰਮ ਦਾ ਪ੍ਰਿੰਟ ਕਢਵਾਉਣਗੇ ਅਤੇ ਆਪਣੇ ਫਾਰਮ ਕਾਲਜ ਵਿੱਚ ਹੇਠ ਲਿਖੇ ਦਸਤਾਵੇਜਾਂ ਅਨੁਸਾਰ ਜਮ੍ਹਾਂ ਕਰਵਾਉਣਗੇ।

| ਲੜੀ ਨੰ: | ਵਜ਼ੀਫਾ ਫਾਰਮ ਨਾਲ ਨੱਥੀ ਕਰਨ ਵਾਲੇ ਦਸਤਾਵੇਜ਼ਾਂ ਸੰਬੰਧੀ ਹਦਾਇਤਾਂ |
|---|---|
| 01. | ਵਜ਼ੀਫਾ ਫਾਰਮ ਵਿੱਚ ਸੰਬੰਧਤ ਬੈਂਕ ਦਾ ਨਾਂ/ਆਈ.ਐਫ.ਐਸ.ਸੀ. ਕੋਡ, ਵਿਦਿਆਰਥੀ ਦੇ ਆਪਣੇ ਆਨਲਾਈਨ ਬੈਂਕ ਦਾ ਪੂਰਾ ਖਾਤਾ ਨੰਬਰ ਅਤੇ ਆਧਾਰ ਕਾਰਡ ਦਾ ਨੰਬਰ ਦਿੱਤਾ ਹੋਵੇ। ਇਨ੍ਹਾਂ ਦਸਤਾਵੇਜਾਂ ਦੀਆਂ ਦੋ ਕਾਪੀਆਂ ਕਰਵਾਉਣੀਆਂ ਹਨ। ਇੱਕ ਫਾਰਮ ਨਾਲ ਨੱਥੀ ਕੀਤੀ ਜਾਵੇ ਅਤੇ ਇੱਕ ਕਾਪੀ ਫਾਰਮ ਜਮ੍ਹਾਂ ਕਰਵਾਉਣ ਸਮੇਂ ਵਜ਼ੀਫਾ ਕਲਰਕ ਪਾਸ ਜਮ੍ਹਾਂ ਕਰਵਾਈ ਜਾਵੇ। ਵਿਦਿਆਰਥੀ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਣਾ ਚਾਹੀਦਾ ਹੈ। |
| 02. | ਐਸ.ਸੀ. ਵਿਦਿਆਰਥੀ ਦੀ ਵਜ਼ੀਫਾ ਅਪਲਾਈ ਕਰਨ ਲਈ ਪਰਿਵਾਰ ਦੀ ਸਾਲਾਨਾ ਆਮਦਨ 4 ਲੱਖ ਤੋਂ ਵੱਧ ਨਾ ਹੋਵੇ ਅਤੇ ਬੀ.ਸੀ. ਵਿਦਿਆਰਥੀ ਦੇ ਪਰਿਵਾਰ ਦੀ ਸਾਲਾਨਾ ਆਮਦਨ ਇੱਕ ਲੱਖ ਤੋਂ ਵੱਧ ਨਾ ਹੋਵੇ। |
| 03. | ਵਿਦਿਆਰਥੀ ਦੇ ਪਿਤਾ ਵੱਲੋਂ ਸਾਲ 2022–23 ਦਾ ਆਮਦਨ ਸਰਟੀਫਿਕੇਟ ਨੱਥੀ ਕੀਤਾ ਜਾਵੇ ਜੋ ਕਿ ਸਬੰਧਿਤ ਸੰਸਥਾ (ਜਿਥੇ ਕੰਮ ਕਰਦਾ ਹੈ) ਜਾਂ ਕਾਰਜਕਾਰੀ ਮੈਜਿਸਟ੍ਰੇਟ ਵੱਲੋਂ ਤਸਦੀਕ ਹੋਵੇ। |
| 04. | ਵਿਦਿਆਰਥੀ ਦੀ ਆਪਣੀ ਜਾਤੀ ਨਾਲ ਸੰਬੰਧਿਤ ਸਰਟੀਫਿਕੇਟ ਦੀ ਫੋਟੋ ਕਾਪੀ ਤਸਦੀਕ ਹੋਣਾ ਜ਼ਰੂਰੀ ਹੈ ਜੋ ਕਿ ਵਜ਼ੀਫਾ ਫਾਰਮ ਨਾਲ ਨੱਥੀ ਕੀਤੀ ਜਾਵੇ। |
| 05. | ਵਿਦਿਆਰਥੀ ਆਪਣੇ ਪਿਛਲੇ ਸਾਲ ਪਾਸ ਕੀਤੀ ਕਲਾਸ ਦੇ ਸਰਟੀਫਿਕੇਟ ਦੀ ਫੋਟੋ ਕਾਪੀ ਫਾਰਮ ਨਾਲ ਨੱਥੀ ਕਰੇਗਾ। |
| 06. | ਜੋ ਵਿਦਿਆਰਥੀ ਬੀ.ਏ., ਬੀ.ਐਸ.ਸੀ., ਬੀ.ਕਾਮ. ਭਾਗ–1 ਵਿੱਚ ਦਾਖਲਾ ਲੈਣਗੇ, ਉਹ ਵਜ਼ੀਫਾ ਫਾਰਮ ਨਾਲ ਆਪਣੇ +2 ਦੇ ਸਰਟੀਫਿਕੇਟ ਨਾਲ ਦਸਵੀਂ ਕਲਾਸ ਦੇ ਸਰਟੀਫਿਕੇਟ ਦੀ ਫੋਟੋ ਕਾਪੀ ਵੀ ਨੱਥੀ ਕਰਨਗੇ। |
| 07. | ਵਿਦਿਆਰਥੀ ਨੂੰ ਇੱਕ ਕਲਾਸ ਦਾ ਵਜ਼ੀਫਾ ਇੱਕ ਵਾਰ ਹੀ ਮਿਲੇਗਾ। ਫੇਲ੍ਹ ਹੋਣ ਦੀ ਸੂਰਤ ਵਿੱਚ ਦੁਬਾਰਾ ਵਜ਼ੀਫਾ ਫਾਰਮ ਅਪਲਾਈ ਕਰਨ ਦੀ ਆਗਿਆ ਨਹੀਂ ਹੋਵੇਗੀ ਅਤੇ ਵਿਦਿਆਰਥੀ ਇੱਕ ਵਜ਼ੀਫਾ ਸਕੀਮ ਵਿੱਚ ਹੀ ਅਪਲਾਈ ਕਰ ਸਕਦਾ ਹੈ। |
| 08. | ਜੇਕਰ ਵਿਦਿਆਰਥੀ ਦੀ ਮਾਤਾ ਪਿਤਾ ਕੋਈ ਪੈਨਸ਼ਨ ਪ੍ਰਾਪਤ ਕਰਦੇ ਹਨ ਤਾਂ ਕਾਪੀ ਫਾਰਮ ਨਾਲ ਨੱਥੀ ਕੀਤੀ ਜਾਵੇ। |
| 09. | ਜਿਸ ਐਸ.ਸੀ. ਵਿਦਿਆਰਥੀ ਨੇ ਦਾਖਲੇ ਸਮੇਂ ਫੀਸ ਮੁਆਫ ਕਰਵਾਉਣ ਦਾ ਹਲਫੀਆ ਬਿਆਨ ਦਿੱਤਾ ਹੋਵੇਗਾ, ਉਹੀ ਐਸ.ਸੀ. ਵਿਦਿਆਰਥੀ ਵਜ਼ੀਫਾ ਫਾਰਮ ਦਫਤਰ ਵਿੱਚ ਜਮ੍ਹਾਂ ਕਰਵਾ ਸਕੇਗਾ/ਸਕੇਗੀ। |
| 10. | ਵਿਦਿਆਰਥੀ ਦਾ ਆਪਣਾ ਬੈਂਕ ਖਾਤਾ ਹੀ ਹੋਣਾ ਚਾਹੀਦਾ ਹੈ, ਮਾਤਾ ਪਿਤਾ ਜਾਂ ਭੈਣ ਭਰਾ ਦਾ ਖਾਤਾ ਨਾ ਹੋਵੇ। |
| 11. | ਜਿਸ ਐਸ.ਸੀ. ਵਿਦਿਆਰਥੀ ਨੇ ਫੀਸ ਮੁਆਫੀ ਦਾ ਲਾਭ ਲੈਣਾ ਹੈ, ਉਹ ਸਕਾਲਰਸ਼ਿਪ ਫਾਰਮ ਜ਼ਰੂਰ ਭਰੇਗਾ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹ ਸਾਰੀ ਫੀਸ ਭਰਨ ਦਾ ਪਾਬੰਦ ਹੋਵੇਗਾ। |

ਡਗਤਜ;ਹਗਬ
ਸਰਕਾਰੀ ਕਾਲਜ (ਲੜਕੀਆਂ), ਮਾਲੇਰਕੋਟਲਾ

| ਬੀ.ਏ. / ਬੀ.ਕਾਮ | ਭਾਗ ਪਹਿਲਾ | ਦੂਜਾ ਅਤੇ ਤੀਜਾ |
|---|---|---|
| ਲੜਕੀਆਂ | 8738/– | 7438/– |

ਯੂਨੀਵਰਸਿਟੀ ਪ੍ਰੀਖਿਆ ਫੀਸ (ਪ੍ਰੈਕਟੀਕਲ ਵਿਸ਼ੇ ਨਾਲ 2120/– ਅਤੇ ਬਿਨਾ ਪ੍ਰੈਕਟੀਕਲ ਵਿਸ਼ੇ 1570/–) ਦਾਖਲਾ ਫੀਸ ਨਾਲ ਹੀ ਲਈ ਜਾਵੇਗੀ।

ਵਿਸ਼ੇਸ਼ ਨੋਟ : ਵਿਭਾਗ/ਯੂਨੀਵਰਸਿਟੀ ਵੱਲੋਂ ਪ੍ਰਾਪਤ ਆਦੇਸ਼ਾਂ ਅਨੁਸਾਰ ਫ਼ੀਸਾਂ/ਫੰਡਾਂ ਵਿੱਚ ਹੋਈ ਤਬਦੀਲੀ ਲਾਗੂ ਕੀਤੀ ਜਾਵੇਗੀ।

ਨੋਟ :
1. ਐਸ.ਸੀ. ਅਤੇ ਐਸ.ਟੀ. ਵਿਦਿਆਰਥੀਆਂ ਨੂੰ ਟਿਊਸ਼ਨ ਫੀਸ ਤੋਂ ਛੋਟ ਹੈ।
2. ਅੰਡਰ ਗਰੈਜੁਏਟ ਵਿਦਿਆਰਥਣਾਂ (ਲੜਕੀਆਂ) ਨੂੰ ਟਿਊਸ਼ਨ ਫੀਸ ਤੋਂ ਛੋਟ ਹੈ।
3. ਪ੍ਰੈਕਟੀਕਲ : ਸਾਇਕਾਲੋਜੀ – 120/–
   ਫਿਜ਼ੀਕਲ ਐਜੂਕੇਸ਼ਨ – 120/–
4. ਦੂਜੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਪਾਸੋਂ ਮਾਈਗਰੇਸ਼ਨ ਫੀਸ 150/– ਲਈ ਜਾਵੇਗੀ।
5. ਗਰੀਬ ਵਿਦਿਆਰਥੀਆਂ (BPL Card ਗਰੀਬੀ ਰੇਖਾ ਤੋਂ ਥੱਲੇ) ਨੂੰ ਪੀ.ਟੀ.ਏ. ਫੀਸ ਵਿੱਚੋਂ 75% ਛੋਟ ਹੋਵੇਗੀ। (ਸਬੂਤ ਵਜੋਂ ਮਿਆਦ ਵਿੱਚ BPL Card ਨਾਲ ਨੱਥੀ ਹੋਣਾ ਚਾਹੀਦਾ ਹੈ) BPL ਕਾਰਡ ਸਮਰੱਥ ਅਧਿਕਾਰੀ ਪਾਸੋਂ ਵੈਰੀਫਾਈ/ਤਸਦੀਕ ਕੀਤਾ ਹੋਣਾ ਚਾਹੀਦਾ ਹੈ।
6. ਫੀਸ ਦੀ ਅਦਾਇਗੀ ਕਰਨ ਉਪਰੰਤ ਰਸੀਦ ਪ੍ਰਾਪਤ ਕਰ ਲਈ ਜਾਵੇ।
7. ਉਪਰੋਕਤ ਦਰਸਾਈ ਦਾਖ਼ਲਾ/ਟਿਊਸ਼ਨ ਫੀਸ ਅਤੇ ਫੰਡਾਂ ਵਿੱਚ ਸਰਕਾਰ/ਯੂਨੀਵਰਸਿਟੀ ਵੱਲੋਂ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਬਣਦੀ ਰਕਮ ਵਸੂਲ / ਵਾਪਿਸ ਕੀਤੀ ਜਾਵੇਗੀ।
8. ਜੇਕਰ ਦੋ ਭੈਣ ਭਰਾ ਦਾਖਲ ਹੁੰਦੇ ਹਨ ਤਾਂ ਇੱਕ ਤੋਂ ਪੂਰਾ ਪੀ.ਟੀ.ਏ. ਫੰਡ ਅਤੇ ਦੂਸਰੇ ਤੋਂ 700/– ਰੁ: ਜਨਰੇਟਰ ਫੰਡ ਲਿਆ ਜਾਵੇਗਾ।ਇਸਦੇ ਲਈ ਵਿਦਿਆਰਥੀ ਦੇ ਮਾਪਿਆਂ ਦੀ ਆਮਦਨ/ਕਿੱਤਾ ਨੂੰ ਅਧਾਰ ਨਹੀਂ ਮੰਨਿਆ ਜਾਵੇਗਾ।
9. ਦੁਬਾਰਾ ਦਾਖਲ (Re-admission) ਹੋਣ ਦੀ ਸੂਰਤ ਵਿੱਚ ਪੂਰਾ ਪੀ.ਟੀ.ਏ. ਫੰਡ ਵੀ ਦੁਬਾਰਾ ਲਿਆ ਜਾਵੇਗਾ।

# ਕਾਲਜ ਦੀਆਂ ਪ੍ਰਾਪਤੀਆਂ





ਕਾਲਜ ਦੇ ਪਹਿਲੇ ਸਾਲਾਨਾ ਖੇਡ ਸਮਾਰੋਹ ਦੌਰਾਨ ਹਲਕਾ ਵਿਧਾਇਕ ਡਾ. ਜਮੀਲ-ਉਰ-ਰਹਿਮਾਨ ਅਤੇ ਪ੍ਰਿੰਸੀਪਲ ਡਾ. ਬਲਵਿੰਦਰ ਸਿੰਘ ਵੜੈਚ ਜੀ ਸਲਾਮੀ ਲੈਂਦੇ ਹੋਏ ਅਤੇ ਜੇਤੂ ਖਿਡਾਰੀ।



ਦਸ ਰੋਜ਼ਾ ਕੈਰੀਅਰ ਗਾਇਡੈਂਸ ਅਤੇ ਪਰਸਨੇਲਿਟੀ ਡਿਵੈਲਪਮੈਂਟ ਵਰਕਸ਼ਾਪ ਦੌਰਾਨ ਪ੍ਰਿੰਸੀਪਲ, ਸਟਾਫ਼ ਅਤੇ ਵਿਦਿਆਰਥੀ ਇੰਡਸਟ੍ਰੀਅਲ ਟੂਰ ਕਰਦੇ ਹੋਏ।



ਜੀ-20 ਵਿੱਚ ਭਾਰਤ ਦੀ ਪ੍ਰਧਾਨਗੀ ਦੇ ਮੱਦੇਨਜ਼ਰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਐਗਜ਼ੀਬੀਸ਼ਨ ਵਿੱਚ ਬਾਗ ਲੈਂਦੇ ਹੋਏ ਅਧਿਆਪਕ ਅਤੇ ਵਿਦਿਆਰਥੀ।



ਕਾਲਜ ਦੇ ਇਤਿਹਾਸਕ ਟੂਰ ਦੌਰਾਨ ਜਲ੍ਹਿਆਂ ਵਾਲਾ ਬਾਗ ਵਿਖੇ ਆਧਿਆਪਕ ਅਤੇ ਵਿਦਿਆਰਥੀ।



ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਗਏ ਨਸ਼ਿਆਂ ਵਿਰੁੱਧ ਸੈਮੀਨਾਰ ਵਿੱਚ ਪ੍ਰਿੰਸੀਪਲ ਡਾ. ਬਲਵਿੰਦਰ ਸਿੰਘ ਵੜੈਚ ਜੀ ਵਿਚਾਰ ਪ੍ਰਗਟ ਕਰਦੇ ਹੋਏ।






ਕਾਲਜ ਵੱਲੋਂ ਰਾਸ਼ਟਰੀ ਏਕਤਾ ਦਿਵਸ ਤੇ ਕਰਵਾਏ ਗਏ ਸੈਮੀਨਾਰ ਵਿੱਚ ਪ੍ਰੋ. ਕਮਲ ਕਿਸ਼ੋਰ ਵਿਚਾਰ ਪੇਸ਼ ਕਰਦੇ ਹੋਏ




ਕਾਲਜ ਦੇ ਬੀ.ਏ. ਭਾਗ-III ਦੀ ਵਿਦਿਆਰਥਣ ਗੁਰਦੀਪ ਕੌਰ ਨੇ ਪ੍ਰੋ. ਗੁਰਪ੍ਰੀਤ ਕੌਰ ਦੀ ਦੇਖ-ਰੇਖ ਵਿੱਚਸਟੇਟ ਲੇਵਲ 10 ਕਿਲੋ ਮੀਟਰ ਕਰਾਸ ਕੰਟਰੀ ਦੌੜ ਵਿੱਚ ਸੋਨ ਤਗਮਾ ਹਾਸਿਲ ਕੀਤਾ ।




ਕਾਲਜ ਦੇ ਬੀ.ਏ. ਭਾਗ-I ਦੀਆ ਵਿਦਿਆਰਥਣਾਂ ਅਮਨਦੀਪ ਕੌਰ ਅਤੇ ਮਨਪ੍ਰੀਤ ਕੌਰ ਨੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਕਬੱਡੀ ਟੂਰਨਾਮੈਂਟ ਵਿੱਚ ਸਿਲਵਰ ਤਗਮਾ ਹਾਸਲ ਕੀਤਾ ।




ਕਾਲਜ ਦੇ ਅਧਿਆਪਕ ਡਾ. ਮੁਹੰਮਦ ਇਰਫਾਨ ਫਾਰੂਕੀ ਅਤੇ ਪ੍ਰੋ. ਕਮਲ ਕਿਸ਼ੋਰ ਨੇ ਵੈਲਿਊਜ਼ ਇਨ ਐਜੂਕੇਸ਼ਨ-**NEP 2020** ਵਿਸ਼ੇ ਤੇ ਜਾਮੀਆ ਹਮਦਰਦ ਯੂਨੀਵਰਸਿਟੀ ਦਿੱਲੀ ਵੱਲੋਂ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਵਿੱਚ ਹਿੱਸਾ ਲਿਆ ।





## ਸਾਲਾਨਾ ਖੇਡ ਸਮਾਰੋਹ ਦੀਆਂ ਝਲਕੀਆਂ